75/c

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ:.10655.ਸ.1/ਕਾਲਜ
ਮਿਤੀ: 10/10/23

ਯੂਨੀਵਰਸਿਟੀ ਨਾਲ ਸਬੰਧਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)

ਵਿਸ਼ਾ : ਸੈਸ਼ਨ 2023-24 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੁਏਟ ਅਤੇ ਪੋਸਟ-ਗ੍ਰੈਜੁਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀਆਂ ਦਾਖਲਾ ਮਿਤੀਆਂ ਵਿੱਚ ਆਖਰੀ ਲੇਟ ਦਾਖਲਾ ਫੀਸ (2000/-ਰੁਪਏ ਪ੍ਰਤੀ ਵਿਦਿਆਰਥੀ) ਨਾਲ ਵਾਧੇ ਸਬੰਧੀ।

ਉਪਰੋਕਤ ਵਿਸ਼ੇ ਤੇ ਸਮੂਹ ਸਬੰਧਤ ਕਾਲਜਾਂ ਨੂੰ ਪਹਿਲਾਂ ਜਾਰੀ ਸਰਕੂਲਰ ਨੰ: 10216ਸ.1/ਕਾਲਜ ਮਿਤੀ 12.9.2023 ਦੀ ਲਗਾਤਾਰਤਾ ਵਿੱਚ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੈਸ਼ਨ 2023-24 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਅੰਡਰ-ਗ੍ਰੈਜੁਏਟ ਅਤੇ ਪੋਸਟ-ਗ੍ਰੈਜੁਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀਆਂ ਦਾਖਲਾ ਮਿਤੀਆਂ ਵਿੱਚ ਲੇਟ ਦਾਖਲਾ ਫੀਸ (2000/-ਰੁਪਏ ਪ੍ਰਤੀ ਵਿਦਿਆਰਥੀ) ਨਾਲ ਇਹ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਸੱਤ ਕੰਮ-ਕਾਜੀ ਦਿਨਾਂ (ਭਾਵ ਮਿਤੀ 18.10.2023 ਤੱਕ) ਦਾ ਵਾਧਾ ਕੀਤਾ ਜਾਂਦਾ ਹੈ ਅਤੇ ਇਹ ਵਾਧਾ ਆਖਰੀ ਹੋਵੇਗਾ।

ਇੱਥੇ ਇਹ ਸਪੱਸ਼ਟ ਹੈ ਕਿ ਚਲਦੇ ਕੋਰਸਾਂ ਦੇ ਵਿਦਿਆਰਥੀਆਂ ਲਈ, ਇਸ ਦਫ਼ਤਰ ਵੱਲੋਂ ਪਹਿਲਾਂ ਜਾਰੀ ਸਰਕੂਲਰ ਨੰ:7686ਸ.1/ਕਾਲਜ ਮਿਤੀ 19.5.2023 ਦੇ ਨੁਕਤਾ ਨੰ: 6 ਅਨੁਸਾਰ ਜੋ ਸ਼ਡਿਊਲ ਜਾਰੀ ਕੀਤਾ ਗਿਆ ਸੀ, ਉਹ ਹੀ ਲਾਗੂ ਰਹੇਗਾ ਜੀ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਲੇਟ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ/ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜਾਂ ਦੀ ਹੋਵੇਗੀ ਅਤੇ ਉਕਤ ਅਨੁਸਾਰ ਲੇਟ ਦਾਖਲਾ ਫੀਸ ਨਾਲ ਦਾਖਲ ਕੀਤੇ ਗਏ ਵਿਦਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਰਿਟਰਨਾਂ/ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਸਬੰਧੀ ਕੰਟਰੋਲਰ(ਪ੍ਰੀਖਿਆਵਾਂ) ਵੱਲੋਂ ਵੱਖਰੇ ਤੌਰ ਤੇ ਸਰਕੂਲੇਟ ਕੀਤਾ ਜਾਵੇਗਾ।

10.10.23
ਡੀਨ, ਕਾਲਜ ਵਿਕਾਸ ਕੌਂਸਲ